# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**19:30**

**ਮਿਤੀ :17-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਸੁਪਰੀਮ ਕੋਰਟ ਨੇ ਕੇਂਦਰ ਨੂੰ ਇੰਟਰਨੈੱਟ ਤੋਂ ਬਾਲ ਜਿਨਸੀ ਸ਼ੋਸ਼ਣ ਅਤੇ ਦੁਰਵਿਹਾਰ ਸਮੱਗਰੀ ਨੂੰ ਹਟਾਉਣ ਲਈ ਵਿਆਪਕ ਰਾਸ਼ਟਰੀ ਡੇਟਾਬੇਸ ਕਾਇਮ ਕਰਨ ਦੇ ਨਿਰਦੇਸ਼ ਦਿੱਤੇ ਨੇ।

- ਪਰਮਾਣੂ ਊਰਜਾ ਅਤੇ ਪੁਲਾੜ ਰਾਜ ਮੰਤਰੀ ਡਾ. ਜਿਤੇਂਦਰ ਸਿੰਘ ਨੇ ਕਿਹਾ ਏ ਕਿ ਭਾਰਤ ਦੀ ਪੁਲਾੜ ਆਰਥਿਕਤਾ ਅਗਲੇ ਸੱਤ ਤੋਂ ਅੱਠ ਸਾਲਾਂ ਵਿੱਚ 40 ਤੋਂ 45 ਅਰਬ ਡਾਲਰ ਤੱਕ ਪਹੁੰਚਣ ਦੀ ਉਮੀਦ ਏ।

- ਪੰਜਾਬ BJP ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਕੇਂਦਰੀ ਗ੍ਰਹਿ ਮੰਤਰੀ ਤੋਂ ਸੂਬੇ ਦੀਆਂ ਜੇਲ੍ਹਾਂ ਤੋਂ ਚਲਾਏ ਜਾ ਰਹੇ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਅਤੇ ਕਾਲੇ ਧਨ ਦੀ, NIA ਅਤੇ ED ਵੱਲੋਂ ਜਾਂਚ ਦੀ ਮੰਗ ਕੀਤੀ।

- FSSAI ਨੇ ਚਾਹ ਵਿੱਚ ਐਸੀ-ਟਾਮੀਪ੍ਰਿਡ ਅਤੇ ਇਮੀ-ਡਾਕਲੋ-ਪ੍ਰਿਡ ਕੀਟਨਾਸ਼ਕਾਂ ਦੀ ਵੱਧ ਤੋਂ ਵੱਧ ਸੀਮਾ ਤੈਅ ਕਰਨ ਲਈ ਨਵੇਂ ਨੇਮਾਂ ਦਾ ਮਸੌਦਾ ਜਾਰੀ ਕੀਤਾ।

- ਕੁਸ਼ਤੀ ਵਿੱਚ, ਭਾਰਤ ਦੀ Amruta Pujari ਨੇ ਅੰਡਰ-23 ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਵਿੱਚ, ਔਰਤਾਂ ਦੇ 72 ਕਿਲੋਗ੍ਰਾਮ ਵਰਗ ਵਿੱਚ ਚਾਂਦੀ ਦਾ ਤਮਗਾ ਜਿੱਤਿਆ ਏ।

## *ਹੁਣ ਖਬਰਾਂ ਵਿਸਥਾਰ ਨਾਲ*

ਸੁਪਰੀਮ ਕੋਰਟ ਨੇ ਇੰਟਰਨੈੱਟ ਤੋਂ ਬਾਲ ਜਿਣਸੀ ਸ਼ੋਸ਼ਣ ਸਮੱਗਰੀ ਦਾ ਪਤਾ ਲਾਉਣ ਅਤੇ ਹਟਾਉਣ ਲਈ ਮਜ਼ਬੂਤ ਤਕਨੀਕੀ ਅਤੇ ਨੇਮਬੱਧਕ ਉਪਾਅ ਕਰਨ ਦੀ ਮੰਗ ਕੀਤੀ ਏ। ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਕੇ.ਵੀ. ਚੰਦਰਨ ਦੇ ਬੈਂਚ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅਜਿਹੀ ਸਮੱਗਰੀ ਦੀ ਪਛਾਣ ਕਰਨ ਅਤੇ ਹਟਾਉਣ ਲਈ ਇੱਕ ਵਿਆਪਕ ਰਾਸ਼ਟਰੀ ਡੇਟਾਬੇਸ ਬਣਾਉਣ ਦਾ ਨਿਰਦੇਸ਼ ਦਿੱਤਾ ਏ। ਅਦਾਲਤ ਨੇ 2024 ਦੇ ਆਪਣੇ ਨਿਰਦੇਸ਼ਾਂ ਦੇ ਬਾਵਜੂਦ ਇਸ ਸਮੱਗਰੀ ਦੇ ਲਗਾਤਾਰ ਫੈਲਣ 'ਤੇ ਚਿੰਤਾ ਪ੍ਰਗਟ ਕੀਤੀ।

ਬੈਂਚ ਨੇ ਇਹ ਕਹਿੰਦੇ ਹੋਏ ਕਿ ਸਿਰਫ਼ ਤਕਨੀਕੀ ਸੁਰੱਖਿਆ ਉਪਾਅ ਨਾਕਾਫ਼ੀ ਸਨ, ਬੱਚਿਆਂ ਨੂੰ ਸੁਰੱਖਿਅਤ ਇੰਟਰਨੈੱਟ ਵਰਤੋਂ ਬਾਰੇ ਸਿਖਲਾਈ ਦੇਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਬੈਂਚ ਨੇ ਡਿਜੀਟਲ ਸੁਰੱਖਿਆ ਅਤੇ ਉਮਰ-ਮੁਤਾਬਿਕ ਸਿੱਖਿਆ ਨੂੰ ਮੁੱਖ ਪਾਠਕ੍ਰਮ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ। ਇਹ ਸਮੱਗਰੀ ਰਾਸ਼ਟਰੀ ਵਿਦਿਅਕ ਖੋਜ ਅਤੇ ਸਿਖਲਾਈ ਕੌਂਸਲ ਅਤੇ ਰਾਜ ਕੌਂਸਲਾਂ ਵਲੋਂ ਬਾਲ ਮਨੋਵਿਗਿਆਨੀਆਂ, ਸਿੱਖਿਅਕਾਂ ਅਤੇ ਪਾਲਣ-ਪੋਸ਼ਣ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਕੇ ਵਿਕਸਿਤ ਕੀਤੀ ਜਾਵੇਗੀ।
ਸੂਚਨਾ ਤਕਨੌਲਜੀ ਮੰਤਰਾਲੇ ਅਤੇ ਕਾਨੂੰਨ ਅਤੇ ਨਿਆਂ ਮੰਤਰਾਲੇ ਰਾਹੀਂ ਕੇਂਦਰ ਸਰਕਾਰ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼, ਮਿਆਰੀ ਸੰਚਾਲਨ ਪ੍ਰਕਿਰਿਆਵਾਂ ਅਤੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਨੇਮਾਂ ਵਿੱਚ ਸੋਧਾਂ ਤਿਆਰ ਕਰਨ ਦਾ ਨਿਰਦੇਸ਼ ਦਿੱਤਾ ਗਿਆ ਏ । ਸਰਕਾਰ ਨੂੰ 10 ਦਸੰਬਰ, 2026 ਨੂੰ ਅਗਲੀ ਸੁਣਵਾਈ ਤੱਕ ਇਸ ਦੇ ਲਾਗੂਕਰਨ ਦੀ ਪ੍ਰਗਤੀ ਦਾ ਵੇਰਵਾ ਦੇਣ ਵਾਲਾ ਇੱਕ ਹਲਫ਼ਨਾਮਾ ਦਾਇਰ ਕਰਨਾ ਹੋਵੇਗਾ।

---------------------------------------------------------

ਸੁਪਰੀਮ ਕੋਰਟ ਨੇ ਕਿਹਾ ਏ ਕਿ ਸੰਵਿਧਾਨ ਦੀ ਧਾਰਾ 21 ਅਤੇ 19(1)(a) ਤਹਿਤ, ਬੱਚਿਆਂ ਸਮੇਤ ਹਰੇਕ ਵਿਅਕਤੀ ਨੂੰ ਇੰਟਰਨੈੱਟ ਤੱਕ ਪਹੁੰਚ ਕਰਨ ਅਤੇ ਇਸ ਦੀ ਵਰਤੋਂ ਕਰਨ ਦਾ ਮੌਲਿਕ ਅਧਿਕਾਰ ਪ੍ਰਾਪਤ ਏ। ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ

ਕੇ. ਵਿਨੋਦ ਚੰਦਰਨ ਦੇ ਬੈਂਚ ਨੇ ਕਿਹਾ ਕਿ, ਉਮਰ ਦੀ ਪਰਵਾਹ ਕੀਤੇ ਬਿਨ੍ਹਾ, ਬੱਚਿਆਂ ਨੂੰ ਵੀ ਇਹ ਸੰਵਿਧਾਨਕ ਅਧਿਕਾਰ ਪ੍ਰਾਪਤ ਨੇ।

ਅਦਾਲਤ ਨੇ ਸਪੱਸ਼ਟ ਕੀਤਾ ਕਿ ਬੱਚਿਆਂ ਨੂੰ ਆਨਲਾਈਨ ਖ਼ਤਰਿਆਂ ਤੋਂ ਬਚਾਉਣ ਦੇ ਨਾਂ 'ਤੇ ਉਨ੍ਹਾਂ ਨੂੰ ਇੰਟਰਨੈੱਟ ਦੀ ਵਰਤੋਂ ਤੋਂ ਪੂਰੀ ਤਰ੍ਹਾਂ ਵਾਂਝਾ ਨਹੀਂ ਰੱਖਿਆ ਜਾ ਸਕਦਾ। ਅਦਾਲਤ ਨੇ ਆਨਲਾਈਨ ਪਲੇਟਫਾਰਮਾਂ 'ਤੇ ਬੱਚਿਆਂ ਦੇ ਜਿਨਸੀ ਸ਼ੋਸ਼ਣ ਨਾਲ ਸਬੰਧਤ ਸਮੱਗਰੀ ਦਾ ਪਤਾ ਲਗਾਉਣ ਅਤੇ ਉਸ ਨੂੰ ਹਟਾਉਣ ਦੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਵੀ ਨਿਰਦੇਸ਼ ਦਿੱਤੇ।

ਬੈਂਚ ਨੇ ਕਿਹਾ ਕਿ ਇੰਟਰਨੈੱਟ ਸਿੱਖਿਆ, ਵਿਚਾਰ-ਵਟਾਂਦਰਾ ਅਤੇ ਸਮਾਜਿਕ ਸੰਪਰਕ ਦਾ ਇੱਕ ਮਹੱਤਵਪੂਰਨ ਮਾਧਿਅਮ ਏ। ਇਹ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਰਹਿਣ ਵਾਲੇ ਬੱਚਿਆਂ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਖਾਸ ਅਹਿਮੀਅਤ ਰੱਖਦਾ ਏ।

ਅਦਾਲਤ ਨੇ ਇੰਟਰਨੈੱਟ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੀ ਬਜਾਏ, ਉਮਰ ਮੁਤਾਬਕ ਅਤੇ ਸੰਤੁਲਿਤ ਸੁਰੱਖਿਆ ਉਪਾਅ ਅਪਣਾਉਣ 'ਤੇ ਜ਼ੋਰ ਦਿੱਤਾ।

-----------------------------------------------------

ਪਰਮਾਣੂ ਊਰਜਾ ਅਤੇ ਪੁਲਾੜ ਰਾਜ ਮੰਤਰੀ ਡਾ. ਜਿਤੇਂਦਰ ਸਿੰਘ ਨੇ ਕਿਹਾ ਏ ਕਿ ਭਾਰਤ ਦੀ ਪੁਲਾੜ ਆਰਥਿਕਤਾ ਅਗਲੇ ਸੱਤ ਤੋਂ ਅੱਠ ਸਾਲਾਂ ਵਿੱਚ 40 ਤੋਂ 45 ਅਰਬ ਡਾਲਰ ਤੱਕ ਪਹੁੰਚਣ ਦੀ ਉਮੀਦ ਏ। ਇਸਦਾ ਮੌਜੂਦਾ ਮੁੱਲ ਕਰੀਬ 9 ਅਰਬ ਡਾਲਰ ਏ।

ਡਾ. ਸਿੰਘ ਨੇ ਇਹ ਗੱਲ ਅੱਜ ਨਵੀਂ ਦਿੱਲੀ ਵਿੱਚ ਬਲੂਮਬਰਗ ਨਿਊ ਇਕਾਨਮੀ ਫੋਰਮ ਵਲੋਂ "ਪੁਲਾੜ, ਪ੍ਰਭੂਸੱਤਾ ਅਤੇ ਨਵੀਂ ਆਰਥਿਕਤਾ" ਵਿਸ਼ੇ 'ਤੇ ਕਰਾਏ ਗਏ ਸਮਾਗਮ ‘ਚ ਮੀਡੀਆ ਨੂੰ ਸੰਬੋਧਨ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਘਰੇਲੂ ਅਤੇ ਅੰਤਰਰਾਸ਼ਟਰੀ ਨਿਵੇਸ਼ ਵਿੱਚ ਵਾਧਾ, ਤੇਜ਼ ਨੇਮ੍ਬ੍ਧੀ ਪ੍ਰਵਾਨਗੀਆਂ ਅਤੇ ਨਿਰੰਤਰ ਰਹਿਣ ਯੋਗ ਵਪਾਰਕ ਮਾਡਲ ਭਾਰਤੀ ਪੁਲਾੜ ਕੰਪਨੀਆਂ ਲਈ ਵਿਸ਼ਵ ਬਾਜ਼ਾਰ ਵਿੱਚ ਪਸਾਰ ਅਤੇ ਹਿੱਸੇਦਾਰੀ ਲਈ ਜ਼ਰੂਰੀ ਨੇ। ਡਾ. ਸਿੰਘ ਨੇ ਕਿਹਾ ਕਿ ਭਾਰਤ ਦੇ ਪੁਲਾੜ ਖੇਤਰ ਨੂੰ ਨਿੱਜੀ ਹਿੱਸੇਦਾਰੀ ਲਈ ਖੋਲ੍ਹਣ ਨਾਲ ਪਿਛਲੇ ਪੰਜ ਤੋਂ ਛੇ ਸਾਲਾਂ ਵਿੱਚ ਅਹਿਮ ਨਤੀਜੇ ਸਾਹਮਣੇ ਆਏ ਨੇ। ਡਾ. ਸਿੰਘ ਨੇ ਕਿਹਾ ਕਿ ਪੁਲਾੜ ਖੇਤਰ ਵਿੱਚ ਨਿੱਜੀ ਹਿੱਸੇਦਾਰੀ ਦੀ ਆਗਿਆ ਦੇਣ ਨਾਲ ਨਵੀਆਂ ਕੰਪਨੀਆਂ ਨੂੰ ਸਥਾਪਿਤ ਸਰਕਾਰੀ ਸੰਸਥਾਵਾਂ ਨਾਲ ਸਹਿਯੋਗ ਕਰਨ ਦਾ ਮੌਕਾ ਮਿਲਿਆ ਏ।

-----------------------------------------------------

ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ, ਨਸ਼ੀਲੇ ਪਦਾਰਥਾਂ ਨਾਲ ਜੁੜੇ ਦੋਸ਼ਾਂ ਅਤੇ ਸੂਬੇ ਵਿੱਚ ਕਾਨੂੰਨ ਵਿਵਸਥਾ ਦੇ ਸੰਭਾਵੀ ਪ੍ਰਭਾਵਾਂ ਬਾਰੇ ਚਿੰਤਾਵਾਂ ਜ਼ਾਹਿਰ ਕਰਦਿਆਂ, ਪੱਤਰ ਲਿਖ ਕੇ ਦੋ ਕਤਲਾਂ ਅਤੇ ਇੱਕ ਵਿਅਕਤੀ ਦੀ ਖੁਦਕੁਸ਼ੀ ਬਾਰੇ ਵਰਵੇ ਸਹਿਤ ਰਿਪੋਰਟਾਂ ਮੰਗੀਆਂ ਨੇ. ਹਲਕਿਆਂ ਮੁਤਾਬਿਕ ਮੰਤਰਾਲੇ ਨੇ ਇਸ ਸਬੰਧ ਵਿੱਚ ਸੂਬਾ ਸਰਕਾਰ ਨੂੰ ਤਿੰਨ ਵੱਖ-ਵੱਖ ਪੱਤਰ ਲਿਖੇ ਨੇ. ਇੱਕ ਪੱਤਰ ਵਿੱਚ, ਮੰਤਰਾਲੇ ਨੇ ਪੰਜਾਬ ਸਰਕਾਰ ਤੋਂ ਇੱਕ ਕਾਰਜਕਰਤਾ ਦੇ ਕਤਲ ਬਾਰੇ ਤੱਥਾਂ ਦੀ

ਰਿਪੋਰਟ ਮੰਗੀ ਏ ਜੋ ਕਥਿਤ ਤੌਰ 'ਤੇ ਪੰਜਾਬ ਦੇ ਮਾਨਸਾ ਵਿੱਚ ਨਸ਼ੀਲੇ ਪਦਾਰਥਾਂ ਦੀ ਬੇਤਹਾਸ਼ਾ ਵਿਕਰੀ ਅਤੇ ਦੁਰਵਰਤੋਂ ਵਿਰੁੱਧ ਮੁਹਿੰਮ ਚਲਾ ਰਿਹਾ ਸੀ। ਗ੍ਰਹਿ ਮੰਤਰਾਲੇ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਮਾਰੀ ਪਨਵਾਨ ਪਿੰਡ ਵਿੱਚ ਤਿੰਨ ਵਿਅਕਤੀਆਂ 'ਤੇ ਹੋਏ ਹਮਲੇ ਅਤੇ ਨਸ਼ੇ ਦੀ ਲਤ ਨਾਲ ਜੂਝ ਰਹੇ ਇੱਕ ਨੌਜਵਾਨ ਦੇ ਪਿਤਾ ਦੀ ਖ਼ੁਦਕੁਸ਼ੀ ਬਾਰੇ ਵੀ ਵੇਰਵੇ ਸਹਿਤ ਰਿਪੋਰਟ ਮੰਗੀ ਏ।

-------------------------------------------------

ਪੰਜਾਬ ਬੀਜੇਪੀ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਪੰਜਾਬ ਦੀਆਂ ਜੇਲ੍ਹਾਂ ਤੋਂ ਚਲਾਏ ਜਾ ਰਹੇ ਨਸ਼ਿਆਂ ਦੇ ਕਾਰੋਬਾਰ ਦੀ ਜਾਂਚ ਰਾਸ਼ਟਰੀ ਜਾਂਚ ਏਜੰਸੀ (NIA) ਤੋਂ ਅਤੇ ਸੂਬੇ ਵਿੱਚ ਇਸ ਕਾਰੋਬਾਰ ਨਾਲ ਜੁੜੇ ਕਾਲੇ ਧਨ ਦੀ ਜਾਂਚ ਇਨਫੋਰਸਮੈਂਟ ਡਾਇਰੈਕਟੋਰੇਟ (ED) ਤੋਂ ਕਰਵਾਉਣ ਦੀ ਮੰਗ ਕੀਤੀ ਏ।
ਸ੍ਰੀ ਜਾਖੜ ਨੇ ਪੱਤਰ ਵਿੱਚ, ਮਾਨਸਾ ਵਿਖੇ ਨਸ਼ਾ-ਵਿਰੋਧੀ ਕਾਰਜਕਰਤਾ ਪਰਮਿੰਦਰ ਸਿੰਘ ਝੋਟਾ ਦੇ ਹਾਲ ਹੀ ਵਿੱਚ ਹੋਏ ਕਤਲ ਦਾ ਜ਼ਿਕਰ ਕਰਦਿਆਂ ਕਿਹਾ ਕਿ, ਜਦੋਂ ਦੋ ਸਾਲ ਪਹਿਲਾਂ, ਉਸੇ ਜ਼ਿਲ੍ਹੇ ਵਿੱਚ ਤਾਇਨਾਤ ਇੱਕ ਡਰੱਗ ਇੰਸਪੈਕਟਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਤਾਂ DGP ਨੇ ਦਾਅਵਾ ਕੀਤਾ ਸੀ ਕਿ ਇੰਸਪੈਕਟਰ ਉਸ ਗਰੋਹ ਦਾ ਮੁੱਖ ਸਰਗਨਾ ਏ, ਜਿਸ ਦੇ ਤਾਰ ਜੇਲ੍ਹ ਵਿੱਚ ਬੰਦ, ਨਸ਼ਾ ਤਸਕਰਾਂ ਨਾਲ ਜੁੜੇ ਹੋਏ ਨੇ। ਉਹ ਨਸ਼ਿਆਂ ਦੀ ਵਿਕਰੀ ਵਿੱਚ ਮਦਦ

ਕਰ ਰਿਹਾ ਸੀ ਅਤੇ ਉਸ ਦੀਆਂ ਕਰੋੜਾਂ ਰੁਪਏ ਦੀਆਂ ਜਾਇਦਾਦਾਂ ਦਾ ਪਤਾ ਲੱਗਾ ਸੀ। ਇਸ ਨੈੱਟਵਰਕ ਦੇ ਸਰਹੱਦ ਪਾਰ, ਨਸ਼ਾ ਤਸਕਰੀ ਨਾਲ ਸਬੰਧ ਸਨ।

ਸ੍ਰੀ ਜਾਖੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਇਸ ਮਾਮਲੇ ਦੀ NIA ਤੋਂ ਜਾਂਚ ਕਰਾਉਣ ਜਾਂ ਮਾਮਲਾ ED ਨੂੰ ਸੌਂਪਣ ਦੀ ਬਜਾਏ, ਜ਼ਮਾਨਤ ਤੋਂ ਬਾਅਦ, ਡਰੱਗ ਇੰਸਪੈਕਟਰ ਨੂੰ ਮੁੜ ਬਹਾਲ ਕਰ ਦਿੱਤਾ ਅਤੇ ਉਸਨੂੰ ਵਿਭਾਗ ਦੇ ਸਦਰ ਮੁਕਾਮ ਵਿਖੇ ਇੱਕ ਅਹਿਮ ਅਹੁਦੇ 'ਤੇ ਤਾਇਨਾਤ ਵੀ ਕਰ ਦਿੱਤਾ।

ਸ੍ਰੀ ਜਾਖੜ ਨੇ ਕਥਿਤ ਤੌਰ 'ਤੇ ਸੂਬਾ ਸਰਕਾਰ ਦੀ ਸਰਪ੍ਰਸਤੀ ਹੇਠ ਜੇਲ੍ਹਾਂ ਵਿੱਚੋਂ ਚੱਲ ਰਹੇ ਨਸ਼ਿਆਂ ਦੇ ਕਾਰੋਬਾਰ ਖਿਲਾਫ਼ ਕਾਰਵਾਈ ਕਰਨ ਅਤੇ ਇਸ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਦਾ ਪਰਦਾਫਾਸ਼ ਕਰਨ ਦੀ ਮੰਗ ਕੀਤੀ ਏ।

---------------------------------------------------

ਦਿੱਲੀ ਦੀ ਇੱਕ ਅਦਾਲਤ ਨੇ ਸਾਲ 2018 ਦੇ ਇੱਕ ਮਾਣਹਾਨੀ ਮਾਮਲੇ ਵਿੱਚ ਯੂਟਿਊਬਰ ਧਰੁਵ ਰਾਠੀ ਨੂੰ ਅੱਜ ਜ਼ਮਾਨਤੀ ਵਾਰੰਟ ਜਾਰੀ ਕੀਤਾ ਏ। ਇਹ ਨਿਰਦੇਸ਼, ਉਦੋਂ ਜਾਰੀ ਕੀਤਾ ਗਿਆ ਜਦੋਂ ਸੰਮਨ ਪਹੁੰਚਾਉਣ ਲਈ ਗਏ ਇੱਕ ਅਧਿਕਾਰੀ ਨੇ ਦੱਸਿਆ ਕਿ ਹਰਿਆਣਾ ਦੇ ਗੁਰੂਗ੍ਰਾਮ ਸਥਿਤ ਧਰੁਵ ਰਾਠੀ ਦੇ ਘਰ 'ਤੇ ਤਾਲਾ ਲੱਗਿਆ ਸੀ।

ਮਾਣਹਾਨੀ ਦਾ ਇਹ ਮਾਮਲਾ, ਧਰੁਵ ਰਾਠੀ ਦੇ ਯੂਟਿਊਬ ਚੈਨਲ 'ਤੇ ਅਪਲੋਡ ਕੀਤੀ ਗਈ ਇੱਕ ਵੀਡੀਓ ਨਾਲ ਸਬੰਧਤ ਏ। ਬੀਜੇਪੀ ਦੇ ਆਈ.ਟੀ. ਸੈੱਲ ਦੇ ਇੱਕ ਮੈਂਬਰ ਨੇ ਇਹ ਮੁਕੱਦਮਾ ਦਾਇਰ ਕੀਤਾ ਸੀ।

---------------------------------------------------

ਚੋਣ ਕਮਿਸ਼ਨ ਨੇ ਅਗਲੇ ਸਾਲ ਪਹਿਲੀ ਜਨਵਰੀ ਨੂੰ ਯੋਗਤਾ ਦੇ ਆਧਾਰ 'ਤੇ 14 ਰਾਜਾਂ ਅਤੇ ਤਿੰਨ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੰਖੇਪ ਸੋਧ ਦਾ ਆਦੇਸ਼ ਦਿੱਤਾ ਏ। ਇਨ੍ਹਾਂ ਵਿੱਚ ਪੰਜਾਬ, ਰਾਜਸਥਾਨ, ਉੱਤਰਾਖੰਡ ਅੰਡੇਮਾਨ ਅਤੇ ਨਿਕੋਬਾਰ ਟਾਪੂ, ਅਸਾਮ, ਬਿਹਾਰ, ਛੱਤੀਸਗੜ੍ਹ, ਗੋਆ, ਗੁਜਰਾਤ, ਕੇਰਲਮ, ਲਕਸ਼ਦੀਪ, ਮੱਧ ਪ੍ਰਦੇਸ਼, ਮਨੀਪੁਰ, ਪੁਡੂਚੇਰੀ, ਤਾਮਿਲਨਾਡੂ, ਉੱਤਰ ਪ੍ਰਦੇਸ਼, ਅਤੇ ਪੱਛਮੀ ਬੰਗਾਲ ਸ਼ਾਮਿਲ ਨੇ।

---------------------------------------------------

ਭਾਰਤੀ ਖੁਰਾਕ ਸੁਰੱਖਿਆ ਅਤੇ ਮਿਆਰਾਂ ਬਾਰੇ ਅਥਾਰਟੀ (FSSAI) ਨੇ ਚਾਹ ਵਿੱਚ ਦੋ ਕੀਟਨਾਸ਼ਕਾਂ—ਐਸੀਟਾ-ਮਿਪ੍ਰਿਡ ਅਤੇ ਇਮੀਡਾ-ਕਲੋਪ੍ਰਿਡ —ਦੀ ਵੱਧ ਤੋਂ ਵੱਧ ਸੀਮਾ ਤੈਅ ਕਰਨ ਲਈ, ਨਵੇਂ ਨੇਮਾਂ ਦਾ ਇੱਕ ਖਰੜਾ ਜਾਰੀ ਕੀਤਾ ਏ। ਇਹ ਤਜਵੀਜ਼, ਵਿਗਿਆਨਕ ਮੁਲੰਕਣਾਂ, ਅੰਤਰਰਾਸ਼ਟਰੀ ਮਾਪਦੰਡਾਂ ਅਤੇ ਭਾਰਤੀ ਖੇਤੀਬਾੜੀ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੀ ਗਈ ਏ।

FSSAI ਵੱਲੋਂ ਸਾਲ 2026 ਲਈ ਤਜਵੀਜ਼ਸ਼ੁਦਾ ਸੋਧਾਂ ਅਨੁਸਾਰ, ਚਾਹ ਵਿੱਚ ਐਸੀਟਾ-ਮਿਪ੍ਰਿਡ ਦੀ ਵੱਧ ਤੋਂ ਵੱਧ ਸੀਮਾ, 20 ਮਿਲੀਗ੍ਰਾਮ ਪ੍ਰਤੀ ਕਿਲੋਗ੍ਰਾਮ ਅਤੇ ਇਮੀਡਾ-ਕਲੋਪ੍ਰਿਡ ਦੀ ਸੀਮਾ, 50 ਮਿਲੀਗ੍ਰਾਮ ਪ੍ਰਤੀ ਕਿਲੋਗ੍ਰਾਮ ਤੈਅ ਕਰਨ ਦੀ ਤਜਵੀਜ਼ ਏ। ਇਸ ਦਾ ਉਦੇਸ਼, ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਦੀ ਨਿਗਰਾਨੀ ਲਈ ਸਪੱਸ਼ਟ ਮਾਪਦੰਡ ਕਾਇਮ ਕਰਨਾ ਏ।

-----------------------------------------------

FSSAI ਨੇ ਛੇ ਮਹੀਨੇ ਤੱਕ ਦੀ ਉਮਰ ਦੇ ਬੱਚਿਆਂ ਲਈ ਭੋਜਨ ਉਤਪਾਦਾਂ ਵਿੱਚ ਸੁਕਰੋਜ਼ ਅਤੇ ਫਰੂਕਟੋਜ਼ ਨੂੰ ਸ਼ਾਮਿਲ ਕਰਨ 'ਤੇ ਪਾਬੰਦੀ ਦੀ ਤਜਵੀਜ਼ ਰੱਖਦੇ ਹੋਏ, ਖੁਰਾਕ ਸੁਰਖਿਆ ਤੇ ਮਿਆਰ (ਸ਼ਿਸ਼ੂ ਪੋਸ਼ਣ ਭੋਜਨ) ਨੇਮ, 2020 ਵਿੱਚ ਸੋਧਾਂ ਦਾ ਖਰੜਾ ਵੀ ਪ੍ਰਕਾਸ਼ਿਤ ਕੀਤਾ ਏ। ਤਜਵੀਜ਼ਸ਼ੁਦਾ ਪਾਬੰਦੀ ਦਾ ਉਦੇਸ਼ ਬੱਚਿਆਂ ਲਈ ਸਹੀ ਪੋਸ਼ਣ ਨੂੰ ਉਤਸ਼ਾਹਿਤ ਕਰਨਾ ਅਤੇ ਪਹਿਲੇ ਛੇ ਮਹੀਨਿਆਂ ਦੌਰਾਨ ਉਨ੍ਹਾਂ ਦੇ ਸਿਹਤਮੰਦ ਵਿਕਾਸ ਨੂੰ ਯਕੀਨੀ ਬਣਾਉਣਾ ਏ।

-----------------------------------------------

ਪੱਛਮੀ ਏਸ਼ੀਆ ਦੀ ਸਥਿਤੀ ਦੇ ਮੱਦੇਨਜ਼ਰ, ਜੇਦਾਹ, ਰਿਆਧ ਅਤੇ ਦਮਾਮ ਤੋਂ ਏਅਰ ਇੰਡੀਆ ਅਤੇ ਏਅਰ ਇੰਡੀਆ ਐਕਸਪ੍ਰੈਸ ਦੀਆਂ ਉਡਾਣਾਂ 24 ਅਕਤੂਬਰ ਤੱਕ ਅਸਥਾਈ ਤੌਰ 'ਤੇ ਰੱਦ ਕਰ ਦਿੱਤੀਆਂ ਗਈਆਂ ਨੇ. ਹਵਾਈ ਕੰਪਨੀਆਂ ਨੇ ਕਿਹਾ ਏ ਕਿ ਇਸ ਮਹੀਨੇ ਦੀ 15

ਤਰੀਕ ਨੂੰ ਜਾਂ ਇਸ ਤੋਂ ਪਹਿਲਾਂ ਜਾਰੀ ਕੀਤੀ ਗਈ ਏਅਰ ਇੰਡੀਆ ਜਾਂ ਏਅਰ ਇੰਡੀਆ ਐਕਸਪ੍ਰੈਸ ਕਨਫਰਮ ਬੁਕਿੰਗ ਵਾਲੇ ਮੁਸਾਫ਼ਿਰ, ਜਿਨ੍ਹਾਂ ਦੇ ਸਫ਼ਰ ਦੀਆਂ ਤਰੀਕਾਂ 9 ਅਤੇ 25 ਅਕਤੂਬਰ ਵਿਚਕਾਰ ਨੇ, ਅਗਲੇ ਮਹੀਨੇ ਦੀ 10 ਤਰੀਕ ਤੱਕ ਆਪਣੀ ਏਅਰਲਾਈਨ ਤੋਂ ਇੱਕ ਵਾਰ ਪੂਰਕ ਯਾਤਰਾ ਤਰੀਕ ਵਿੱਚ ਤਬਦੀਲੀ ਪ੍ਰਾਪਤ ਕਰਨ ਦੇ ਯੋਗ ਹੋਣਗੇ।

---------------------------------------------------------

ਕੁਸ਼ਤੀ ਵਿੱਚ, ਭਾਰਤ ਦੀ Amruta Pujari ਨੇ ਅਮਰੀਕਾ ਦੇ Las Vegas ਵਿੱਚ, ਅੰਡਰ-23 ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਵਿੱਚ, ਔਰਤਾਂ ਦੇ 72 ਕਿਲੋਗ੍ਰਾਮ ਵਰਗ ਵਿੱਚ ਚਾਂਦੀ ਦਾ ਤਮਗਾ ਜਿੱਤਿਆ ਏ. Amruta ਨੂੰ ਯੂਕਰੇਨ ਦੀ ਇਰੀਨਾ ਜ਼ਾਬਲੋਤਸਕਾ ਤੋਂ 0-6 ਨਾਲ ਹਾਰ ਦਾ ਸਾਹਮਣਾ ਕਰਨ ਤੋਂ ਬਾਅਦ, ਚਾਂਦੀ ਦੇ ਤਮਗੇ ਨਾਲ ਸਬਰ ਕਰਨਾ ਪਿਆ।
ਇਸ ਤੋਂ ਪਹਿਲਾਂ, ਕੱਲ੍ਹ ਕੋਮਲ ਨੇ ਔਰਤਾਂ ਦੇ 59-ਕਿਲੋਗ੍ਰਾਮ ਵਰਗ ਵਿੱਚ ਕਾਂਸੀ ਦਾ ਤਮਗਾ ਜਿੱਤਿਆ ਸੀ।

---------------------------------------------------------

- ਸੁਪਰੀਮ ਕੋਰਟ ਨੇ ਕੇਂਦਰ ਨੂੰ ਇੰਟਰਨੈੱਟ ਤੋਂ ਬਾਲ ਜਿਨਸੀ ਸ਼ੋਸ਼ਣ ਅਤੇ ਦੁਰਵਿਹਾਰ ਸਮੱਗਰੀ ਨੂੰ ਹਟਾਉਣ ਲਈ ਵਿਆਪਕ ਰਾਸ਼ਟਰੀ ਡੇਟਾਬੇਸ ਕਾਇਮ ਕਰਨ ਦੇ ਨਿਰਦੇਸ਼ ਦਿੱਤੇ ਨੇ।

- ਪਰਮਾਣੂ ਊਰਜਾ ਅਤੇ ਪੁਲਾੜ ਰਾਜ ਮੰਤਰੀ ਡਾ. ਜਿਤੇਂਦਰ ਸਿੰਘ ਨੇ ਕਿਹਾ ਏ ਕਿ ਭਾਰਤ ਦੀ ਪੁਲਾੜ ਆਰਥਿਕਤਾ ਅਗਲੇ ਸੱਤ ਤੋਂ ਅੱਠ ਸਾਲਾਂ ਵਿੱਚ 40 ਤੋਂ 45 ਅਰਬ ਡਾਲਰ ਤੱਕ ਪਹੁੰਚਣ ਦੀ ਉਮੀਦ ਏ।

- ਪੰਜਾਬ BJP ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਕੇਂਦਰੀ ਗ੍ਰਹਿ ਮੰਤਰੀ ਤੋਂ ਸੂਬੇ ਦੀਆਂ ਜੇਲ੍ਹਾਂ ਤੋਂ ਚਲਾਏ ਜਾ ਰਹੇ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਅਤੇ ਕਾਲੇ ਧਨ ਦੀ, NIA ਅਤੇ ED ਵੱਲੋਂ ਜਾਂਚ ਦੀ ਮੰਗ ਕੀਤੀ।

- FSSAI ਨੇ ਚਾਹ ਵਿੱਚ ਐਸੀ-ਟਾਮੀਪ੍ਰਿਡ ਅਤੇ ਇਮੀ-ਡਾਕਲੋ-ਪ੍ਰਿਡ ਕੀਟਨਾਸ਼ਕਾਂ ਦੀ ਵੱਧ ਤੋਂ ਵੱਧ ਸੀਮਾ ਤੈਅ ਕਰਨ ਲਈ ਨਵੇਂ ਨੇਮਾਂ ਦਾ ਮਸੌਦਾ ਜਾਰੀ ਕੀਤਾ।

- ਕੁਸ਼ਤੀ ਵਿੱਚ, ਭਾਰਤ ਦੀ Amruta Pujari ਨੇ ਅੰਡਰ-23 ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਵਿੱਚ, ਔਰਤਾਂ ਦੇ 72 ਕਿਲੋਗ੍ਰਾਮ ਵਰਗ ਵਿੱਚ ਚਾਂਦੀ ਦਾ ਤਮਗਾ ਜਿੱਤਿਆ ਏ।

-----------------------------------------------------

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਰਾਸ਼ਟਰੀ ਖ਼ਬਰਾਂ ਦਾ ਬੁਲੇਟਿਨ, ਭਲਕੇ ਸਵੇਰੇ 8 ਵਜ ਕੇ 30 ਮਿੰਟ 'ਤੇ ਹੋਏਗਾ। ਨਮਸਕਾਰ!**